**SET-1**

**Series SGN**

ਕੋਡ ਨੰ. **227/1**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **8** ਪੰਨੇ **+ 2** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **22** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **8** printed pages **+ 2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **22** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਭੂਗੋਲ (ਸਿਧਾਂਤਕ)

## (ਪੰਜਾਬੀ ਉਲਥਾ)

# GEOGRAPHY (Theory)

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 70*

*Time allowed : 3 hours* — *Maximum Marks : 70*

***ਵਿਆਪਕ ਨਿਰਦੇਸ਼ :***

*(i)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ **22** ਪ੍ਰਸ਼ਨ ਹਨ ।*

*(ii)* ***ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(iii)* *ਪ੍ਰਸ਼ਨ ਸੰਖਿਆ **1** ਤੋਂ **7** ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **1** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **40** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ **8** ਤੋਂ **13** ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **3** ਅੰਕ ਹਨ । ਇਨ੍ਹਾਂ ਵਿਚ ਇਕ ਪ੍ਰਸ਼ਨ ਮੁੱਲ-ਅਧਾਰਤ ਪ੍ਰਸ਼ਨ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **80 – 100** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ **14** ਤੋਂ **20** ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **5** ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ **21** ਅਤੇ **22** ਮਾਨਚਿੱਤਰਾਂ ਨੂੰ ਪਹਿਚਾਨਣ ਜਾਂ ਸਥਿਤੀ ਦਰਸਾਣ ਅਤੇ ਭੂਗੋਲਕ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **5** ਅੰਕ ਹਨ ।*

*(vii)* *ਆਪਣੇ ਦਿੱਤੇ ਗਏ **ਸੰਸਾਰ** ਅਤੇ **ਭਾਰਤ** ਦੇ ਰੇਖਾ ਮਾਨਚਿੱਤਰਾਂ ਨੂੰ ਉੱਤਰ-ਪੁਸਤਿਕਾ ਵਿੱਚ ਜ਼ਰੂਰ ਨੱਥੀ ਕਰੋ ।*

*(viii)* *ਰੇਖਾ ਮਾਨਚਿੱਤਰ ਬਨਾਉਣ ਲਈ **ਸਾਂਚਿਆਂ** ਤੇ **ਸਟੈਂਸਲਾਂ** ਦੀ ਵਰਤੋਂ ਲਈ ਆਗਿਆ ਦਿੱਤੀ ਜਾਂਦੀ ਹੈ ।*

**1.** ਵਾਧਾ ਅਤੇ ਵਿਕਾਸ ਵਿਚ ਅੰਤਰ ਸਪਸ਼ਟ ਕਰੋ । *1*

**2.** ਭਾਰਤ, ਸੰਸਾਰ ਵਿਚ ਯਾਤਰਾ ਲਈ ਹਰਮਨ ਪਿਆਰੀ ਮੰਜ਼ਲ ਕਿਉਂ ਹੈ ? *1*

**3.** 'ਚੌਥੇ (ਚਤੁਰਥ) ਦਰਜੇ' ਦੀਆਂ ਸਰਗਰਮੀਆਂ ਦੀ ਮਹਤਤਾ ਦਾ ਮੁਲੰਕਣ ਕਰੋ । *1*

4. 'ਪਰਾਦੇਸ਼ਕ ਯੋਜਨਾਬੰਦੀ' ਦੀ ਧਾਰਨਾ ਦੀ ਜਾਂਚ ਕਰੋ । *1*

5. ਮੂੰਬਈ ਵਿਚ ਸੂਤੀ ਕਪੜਾ ਮਿੱਲਾਂ ਦੀ ਸਥਾਪਨਾ ਦੇ ਲਈ ਜੁਮੇਂਵਾਰ ਕੋਈ ਦੋ ਕਾਰਕਾਂ ਦਾ ਬਿਓਰਾ ਦਿਉ । $\frac{1}{2}+\frac{1}{2}=1$

6. ਕੋਲਕਾਤਾ ਸਮੁੰਦਰੀ ਬੰਦਰਗਾਹ ਦੇ ਸਾਮ੍ਹਣੇ ਖੜੀ ਪ੍ਰਮੁਖ ਸਮੱਸਿਆ ਦਾ ਬਿਓਰਾ ਦਿਉ । *1*

7. ਅੰਤਰ-ਰਾਸ਼ਟਰੀ ਵਪਾਰ ਦੇ ਲਈ ਹਵਾਈ ਢੋਆ ਢੁਆਈ ਦੇ ਕਿਸੇ ਦੋ ਲਾਭਾਂ ਦਾ ਬਿਓਰਾ ਦਿਓ । $\frac{1}{2}+\frac{1}{2}=1$

8. "ਆਦਿਕਾਲੀਨ ਭਾਈਚਾਰੇ ਪੂਰੀ ਤਰ੍ਹਾਂ ਕੁਦਰਤੀ ਵਾਤਾਵਰਨ ਦੇ ਨਾਲ ਤਾਲਮੇਲ ਬਣਾ ਕੇ ਰਹੇ ਅਤੇ ਫਲਸਵਰੂਪ ਮਨੁਖ ਦਾ ਪਰਕਿਰਤੀਕਰਨ ਹੋਇਆ ।" ਕਥਨ ਦੀ ਪੁਸ਼ਟੀ ਕਰੋ । *3*

9. ਛੋਟੇ ਪੈਮਾਨੇ ਦੇ ਉਦਯੋਗ ਅਤੇ ਵੱਡੇ ਪੈਮਾਨੇ ਦੇ ਉਦਯੋਗ ਵਿਚ ਅੰਤਰ ਸਪਸ਼ਟ ਕਰੋ । *3*

10. ਸੰਸਾਰ ਵਿਚ ਸੜਕ ਆਵਾਜਾਈ ਦੀਆਂ ਕਿਸੇ ਤਿੰਨ ਪ੍ਰਮੁਖ ਸਮਸਿਆਵਾਂ ਦਾ ਵਰਣਨ ਕਰੋ । $3\times1=3$

11. "ਹਰ ਜਨਵਰੀ ਵਿਚ ਫਸਲ ਕਟਾਈ (ਵਾਢੀ) ਦੀ ਰੁਤ ਤੋਂ ਪਿੱਛੋਂ ਗੁਵਾਹਾਟੀ ਤੋਂ 35 ਕਿਲੋਮੀਟਰ ਦੂਰ ਜਾਗੀਰੋਡ ਵਿਚ 'ਜਾਨਬੀਲ ਮੇਲਾ' ਲਗਦਾ ਹੈ ਅਤੇ ਸ਼ਾਇਦ ਇਹ ਭਾਰਤ ਦਾ ਇਕੋ ਇਕ ਅਜੇਹਾ ਮੇਲਾ ਹੈ, ਜਿਥੇ 'ਵਸਤੂ ਵਟਾਂਦਰਾ' ਵਿਵਸਥਾ ਅਜ ਵੀ ਪ੍ਰਚਲਤ ਹੈ । ਇਸ ਮੇਲੇ ਦੇ ਦੌਰਾਨ ਇਕ ਵੱਡੇ ਬਜਾਰ ਦੀ ਵਿਵਸਥਾ ਕੀਤੀ ਜਾਂਦੀ ਹੈ ਅਤੇ ਵਖੋ ਵਖ ਜਨਜਾਤੀਆਂ ਅਤੇ ਸਮੂਹਾਂ ਦੇ ਲੋਕ ਆਪਣੀਆਂ ਵਸਤੂਆਂ ਦਾ ਲੈਣ-ਦੇਣ ਕਰਦੇ ਹਨ ।"

ਉੱਪਰ ਦਿੱਤੇ ਗਏ ਪੈਰੇ ਦੇ ਸੰਦਰਭ ਵਿਚ ਜਨਜਾਤੀ ਸਮੂਹਾਂ ਦੇ ਜੀਵਨ ਵਿਚ 'ਵਸਤੂ ਵਟਾਂਦਰਾ' ਵਿਵਸਥਾ ਦੇ ਮੁੱਲਾ ਨੂੰ ਉਚਿੱਤ ਠੈਹਰਾਓ । *3*

**12.** ਹੇਠ ਦਿੱਤੇ ਗਏ ਚਿੱਤਰ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+2=3*




(12.1) ਕਸਬਿਆਂ/ਨਗਰਾਂ ਦੇ ਕਿਸ ਵਰਗ ਵਿਚ ਸਭ ਤੋਂ ਵਧੇਰੇ ਨਗਰੀ ਜਨਸੰਖਿਆ ਦਿਖਾਈ ਗਈ ਹੈ ?

(12.2) ਇਸ ਵਰਗ ਦੇ ਕਸਬਿਆਂ/ਨਗਰਾਂ ਵਿਚ ਅਜੇਹੀ ਜ਼ਿਆਦਾ ਜਨਸੰਖਿਆ ਸੰਘਣਤਾ ਹੋਣ ਦੇ ਕੋਈ ਦੋ ਕਾਰਨ ਸਪਸ਼ਟ ਕਰੋ ।

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 12 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਭਾਰਤ ਵਿਚ ਨਗਰੀ ਬਸਤੀਆਂ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *3×1=3*

**13.** ''ਵਧਦੀ ਹੋਈ ਜਨਸੰਖਿਆ ਅਤੇ ਉਦਯੋਗਿਕ ਵਿਸਤਾਰ ਹੋਣ ਦੇ ਕਾਰਨ ਪਾਣੀ ਦੀ ਵਿਵੇਕਹੀਣ ਅੰਧਾਧੁੰਦ ਵਰਤੋਂ ਨਾਲ ਪਾਣੀ ਦੀ ਗੁਣਵੱਤਾ (ਕਵਾਲਟੀ) ਵਿਚ ਬਹੁਤ ਸਾਰੀ ਗਿਰਾਵਟ ਆਈ ਹੈ ।'' ਇਸ ਕਥਨ ਦਾ ਮੁਲੰਕਣ ਕਰੋ । *3*

**14.** 'ਜਨਸੰਖਿਆ (ਅਬਾਦੀ) ਦੀ ਘਣਤਾ' ਸ਼ਬਦ ਦੀ ਪਰਿਭਾਸ਼ਾ ਕਰੋ । ਸੰਸਾਰ ਵਿਚ ਜਨਸੰਖਿਆ ਦੀ ਵੰਡ ਨੂੰ ਪ੍ਰਭਾਵਤ ਕਰਨ ਵਾਲੇ ਚਾਰ ਭੂਗੋਲਿਕ ਕਾਰਕਾਂ ਦੀਆਂ ਉਦਾਹਰਨਾਂ ਦੇ ਕੇ ਵਿਆਖਿਆ ਕਰੋ । *1+4=5*

**15.** ''ਖਾਣਾ ਇਕੱਠਾ ਕਰਨਾ ਅਤੇ ਸ਼ਿਕਾਰ ਕਰਨਾ ਆਦਿਵਾਸੀ ਸਮਾਜਾਂ ਦੇ ਲਈ ਜੀਵਨ ਨਿਰਵਾਹ ਦੇ ਲਈ ਪਰਾਰੰਭਕ ਆਰਥਕ ਕਿਰਆਵਾਂ ਹਨ; ਪਰ ਅਜੋਕੇ ਸਮੇਂ ਵਿਚ ਭੋਜਨ ਇਕੱਠਾ ਕਰਨ ਦੇ ਕੰਮ ਦਾ ਵਪਾਰੀਕਰਨ ਹੀ ਹੋ ਗਿਆ ਹੈ ।'' ਇਸ ਕਥਨ ਦੀ ਜਾਂਚ ਕਰੋ । *5*

**16.** ਹੇਠ ਦਿੱਤੇ ਗਏ ਸਵੇਜ ਨੈਹਰ ਦੇ ਮਾਨਚਿੱਤਰ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+1+3=5*



(16.1) ਉਸ ਦੇਸ਼ ਦਾ ਨਾਮ ਲਿੱਖੋ ਜਿਸਦੇ ਵਿਚੋਂ ਇਹ ਨੈਹਰ ਗੁਜਰਦੀ ਹੈ ।

(16.2) ਇਸ ਨੈਹਰ ਨਾਲ ਜੁੜੇ ਸਾਗਰਾਂ ਦੇ ਨਾਮ ਲਿੱਖੋ ।

(16.3) ਇਸ ਨੈਹਰ ਨਾਲ ਜੁੜੇ ਹਿੰਦ ਸਾਗਰ ਦੇ ਲਈ ਯੂਰੋਪ ਦਾ ਪ੍ਰਵੇਸ਼ ਦਵਾਰ ਕਿਉਂ ਕਿਹਾ ਜਾਂਦਾ ਹੈ ?

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 16 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(16.1) ਸਵੇਜ ਨੈਹਰ ਕਿਸ ਦੇਸ਼ ਵਿਚ ਬਣਾਈ ਗਈ ਹੈ ?

(16.2) ਇਸ ਨੈਹਰ ਦੇ ਦੋਹਾਂ ਸਿਰਿਆਂ ਨਾਲ ਜੁੜੇ ਹੋਏ ਸਮੁੰਦਰੀ ਬੰਦਰਗਾਹਾਂ ਦੇ ਨਾਮ ਲਿੱਖੋ ।

(16.3) ਇਸ ਨੈਹਰ ਦੀ ਯੂਰੋਪ ਅਤੇ ਏਸ਼ੀਆ ਦੇ ਲਈ ਆਰਥਕ ਮਹਤਤਾ ਨੂੰ ਸਪਸ਼ਟ ਕਰੋ । *1+1+3=5*

**17.** "ਭਾਰਤ ਵਿਚ ਜਨਸੰਖਿਆ ਦੀ ਦਸ਼ਾਬਦੀ ਅਤੇ ਸਾਲਾਨਾ ਵਾਧਾ ਦਰਾਂ ਦੋਨੋ ਬਹੁਤ ਉੱਚੀਆਂ ਹਨ ਅਤੇ ਸਮੇਂ ਦੇ ਨਾਲ ਵਧ ਰਹੀਆਂ ਹਨ ।" ਇਸ ਕਥਨ ਨੂੰ ਪਰਮਾਣ ਦੇ ਕੇ ਸਿੱਧ ਕਰੋ । *5*

**18.** ਭਾਰਤ ਵਿਚ 'ਜਲ ਵਿਭਾਜਨ ਪ੍ਰਬੰਧਨ' ਅਤੇ 'ਬਰਸਾਤੀ ਪਾਣੀ ਦਾ ਸੰਗ੍ਰਹਣ' ਕਿਵੇਂ ਸਤਹੀ ਜਲ ਸੰਸਾਧਨਾ ਦੇ ਕੁਸ਼ਲ ਪ੍ਰਬੰਧਨ ਅਤੇ ਸੁਰਖਿਅਣ ਦੀਆਂ ਵਿਧੀਆਂ ਹਨ, ਸਪਸ਼ਟ ਕਰੋ । *5*

**19.** "ਜੇਕਰ ਮੁਢਲੇ (ਸ਼ੁਰੂਆਤੀ) ਖਰਚ ਦਾ ਧਿਆਨ ਰਖਿਆ ਜਾਏ ਤਾਂ ਊਰਜਾ ਦੇ ਗੈਰ ਰਸਮੀ ਸਰੋਤ ਵਧੇਰੇ ਟਿਕਾਊ, ਵਾਤਾਵਰਨ ਦੇ ਅਨੁਕੂਲ ਅਤੇ ਸਸਤੀ ਊਰਜਾ ਪ੍ਰਦਾਨ ਕਰਦੇ ਹਨ ।" ਇਸ ਕਥਨ ਦੀ ਜਾਂਚ ਕਰੋ । *5*

**20.** ਭਾਰਤ ਦੇ ਰਾਸ਼ਟਰੀ ਮਹਾਂਸਾਗਰਾਂ ਦੀਆਂ ਕਿਸੇ ਪੰਜ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *5×1=5*

21. **ਸੰਸਾਰ** ਦੇ ਦਿੱਤੇ ਹੋਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 9 ਤੇ) ਵਿਚ ਦਿਖਾਏ ਗਏ ਪੰਜ ਭੋਗੋਲਿਕ ਲੱਛਣਾਂ A, B, C, D ਅਤੇ E ਦੀ ਪਛਾਣ ਕਰੋ ਅਤੇ ਉਨ੍ਹਾਂ ਦੇ ਸਹੀ ਨਾਮ ਹੇਠ ਦਿਤੀ ਜਾਣਕਾਰੀ ਦੀ ਸਹਾਇਤਾ ਨਾਲ ਉਨ੍ਹਾਂ ਦੇ ਕੋਲ ਖਿੱਚੀਆਂ ਗਈਆਂ ਰੇਖਾਵਾਂ ਉੱਪਰ ਲਿੱਖੋ : *5×1=5*

A. ਪ੍ਰਮੁਖ ਸਮੁੰਦਰੀ ਬੰਦਰਗਾਹ

B. ਅੰਤਰ-ਰਾਸ਼ਟਰੀ ਹਵਾਈ ਅੱਡਾ

C. ਪ੍ਰਮੁਖ ਉਦਯੋਗਿਕ ਪ੍ਰਦੇਸ਼

D. ਟਪਰੀਵਾਸ ਪਸ਼ੂਚਾਰਨ ਦਾ ਮਹਤਵਪੂਰਨ ਖੇਤਰ

E. ਮੇਗਾ ਸਿਟੀ

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 21 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(21.1) ਨਾਰਵੇ ਦੀ ਕਿਸੇ ਇਕ ਪ੍ਰਮੁਖ ਸਮੁੰਦਰੀ ਬੰਦਰਗਾਹ ਦਾ ਨਾਮ ਲਿੱਖੋ ।

(21.2) ਯਮਨ ਦੇ ਕਿਸੇ ਇਕ ਅੰਤਰ-ਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ ।

(21.3) ਪੂਰਬੀ ਸੰਯੁਕਤ ਰਾਜ ਅਮੇਰਿਕਾ ਦੇ ਇਕ ਮਹਤਵਪੂਰਨ ਉਦਯੋਗਿਕ ਪ੍ਰਦੇਸ਼ ਦਾ ਵਰਣਨ ਕਰੋ ।

(21.4) ਪੂਰਬੀ ਅਫਰੀਕਾ ਵਿਚ ਟਪਰੀਵਾਸ ਪਸ਼ੂਚਾਰਨ ਦੇ ਇਕ ਮਹਤਵਪੂਰਨ ਖੇਤਰ ਦਾ ਨਾਮ ਲਿੱਖੋ ।

(21.5) ਬ੍ਰਾਜੀਲ ਦੇ ਕਿਸੇ ਇਕ 'ਮੇਗਾ ਸਿਟੀ' ਦਾ ਨਾਮ ਲਿੱਖੋ । *5×1=5*

22. **ਭਾਰਤ** ਦੇ ਦਿੱਤੇ ਹੋਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 11 ਤੇ) ਵਿਚ ਹੇਠ ਲਿੱਖੇ ਲੱਛਣਾਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *5×1=5*

(22.1) ਚਾਹ ਦਾ ਪ੍ਰਮੁਖ ਉਤਪਾਦਕ ਰਾਜ

(22.2) ਮਯੂਰਭੰਜ – ਲੋਹ-ਖਣਜ ਦੀ ਖਾਣ ਦਾ ਖੇਤਰ

(22.3) ਕਰਨਾਟਕ ਵਿਚ ਸਥਿਤ ਮਹਤਵਪੂਰਨ ਸਟੀਲ ਪਲਾਂਟ

(22.4) ਕੇਰਲ ਦੇ ਧੁਰ ਦੱਖਣ ਦਾ ਅੰਤਰ-ਰਾਸ਼ਟਰੀ ਹਵਾਈ ਅੱਡਾ

(22.5) ਉੱਤਰ ਭਾਰਤ ਵਿਚ ਦਸ ਮਿਲਿਅਨ ਤੋਂ ਵਧ ਜਨਸੰਖਿਆ ਵਾਲਾ ਸ਼ੈਹਰ

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 22 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(22.1) ਭਾਰਤ ਵਿਚ ਚਾਹ ਦਾ ਪ੍ਰਮੁਖ ਉਤਪਾਦਕ ਰਾਜ ਕਿਹੜਾ ਹੈ ?

(22.2) ਓਡਿਸ਼ਾ ਦੇ ਕਿਸੇ ਇਕ ਲੋਹ-ਖਣਜ ਦੀ ਖਾਣ ਦੇ ਖੇਤਰ ਦਾ ਵਰਣਨ ਕਰੋ ।

(22.3) ਕਰਨਾਟਕ ਵਿਚ ਸਥਿਤ ਇਕ ਮਹਤਵਪੂਰਨ ਸਟੀਲ ਪਲਾਂਟ ਦਾ ਨਾਮ ਲਿੱਖੋ ।

(22.4) ਕੇਰਲ ਵਿਚ ਸਥਿਤ ਕਿਸੇ ਇਕ ਅੰਤਰ-ਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ ।

(22.5) ਭਾਰਤ ਦੇ ਕਿਸ ਰਾਜ ਵਿਚ ਨਗਰੀ ਕਰਨ ਦਾ ਸਤਰ ਸਭ ਤੋਂ ਨੀਵਾਂ ਹੈ ? *5×1=5*

ਪ੍ਰਸ਼ਨ ਸੰ. 21 ਦੇ ਲਈ

**ਸੰਸਾਰ ਦਾ ਰਾਜਨੀਤਿਕ ਰੇਖਾ-ਮਾਨਚਿੱਤਰ**

**Political outline map of the World**



ਪ੍ਰਸ਼ਨ ਸੰ. 22 ਦੇ ਲਈ

## ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਕ)

## Outline Map of India (Political)

